## **ਆਕਾਸ਼ਵਾਣੀ ਜਲੰਧਰ**

## **ਪ੍ਰਦੇਸ਼ਿਕ ਖਬਰਾਂ ਪੰਜਾਬੀ**

**13:10 Pm**

**ਮਿਤੀ: 17-03-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਨਵੀਂ ਦਿੱਲੀ ਵਿਚ **ਰਾਇਸੀਨਾ ਸੰਵਾਦ-2025** ਦੇ 10ਵੇਂ ਅਡੀਸ਼ਨ ਦਾ ਉਦਘਾਟਨ ਕਰਨਗੇ। ਨਿਊਜੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਉਦਘਾਟਨੀ ਸੈਸ਼ਨ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ ਤੇ ਮੁੱਖ ਭਾਸ਼ਣ ਦੇਣਗੇ। ਇਹ ਤਿੰਨ ਦਿਨਾ ਸੰਵਾਦ ਬੁੱਧਵਾਰ ਤੱਕ ਚੱਲੇਗਾ। ਇਸ ਸਾਲ ਦਾ ਵਿਸ਼ਾ **ਕਾਲਚੱਕਰ, ਲੋਕ, ਸ਼ਾਂਤੀ ਤੇ ਗ੍ਰਹਿ** ਏ। ਦੁਨੀਆ ਦੇ ਫੈਸਲਾ ਲੈਣ ਵਾਲੇ ਅਤੇ ਵਿਚਾਰਵਾਨ ਨੇਤਾ ਵੱਖ-ਵੱਖ ਵਿਸ਼ਿਆਂ ਉੱਤੇ ਚਰਚਾ ਕਰਨਗੇ। ਸਾਡੇ ਪੱਤਰਕਾਰ ਦੀ ਰਿਪੋਰਟ ਮੁਤਾਬਕ ਲਗਭਗ 125 ਦੇਸ਼ਾਂ ਦੇ ਪ੍ਰਤੀਨਿਧੀ ਇਸ ਡਾਇਲਾਗ ਵਿਚ ਹਿੱਸਾ ਲੈ ਰਹੇ ਨੇ, ਜਿਸ ਵਿਚ 3 ਹਜਾਰ 500 ਤੋਂ ਵੱਧ ਹਿੱਸੇਦਾਰ ਨਿੱਜੀ ਤੌਰ ਉੱਤੇ ਸੰਵਾਦ ਵਿਚ ਸ਼ਾਮਲ ਹੋ ਰਹੇ ਨੇ।

---------------------------------------------------------------------

ਪੰਜਾਬ ਵਿਚ ਪੁਲਿਸ ਨੇ ਹਾਲ ਹੀ ਵਿਚ ਅੰਮ੍ਰਿਤਸਰ ਵਿਚ ਇਕ ਮੰਦਰ ਉੱਤੇ ਹੋਏ ਹਮਲੇ ਦੇ ਇਕ ਦੋਸ਼ੀ ਨੂੰ ਗੋਲੀ ਮਾਰ ਦਿੱਤੀ ਏ। ਅੱਜ ਸਵੇਰੇ ਉਸ ਨੂੰ ਅੰਮ੍ਰਿਤਸਰ ਵਿਚ ਉਸ ਸਮੇਂ ਇਕ ਸੰਖੇਪ ਮੁਕਾਬਲੇ ਦੌਰਾਨ ਗੋਲੀ ਮਾਰ ਦਿੱਤੀ ਗਈ, ਜਦੋਂ ਉਸ ਨੇ ਆਪਣੇ ਤੇ ਆਪਣੇ ਸਾਥੀ ਦਾ ਪਿੱਛਾ ਕਰ ਰਹੀ ਪੁਲਿਸ ਪਾਰਟੀ ਉੱਤੇ ਗੋਲੀਬਾਰੀ ਕੀਤੀ। ਦੋਵੇਂ, ਇਕ ਮੋਟਰਸਾਈਕਲ ਉੱਤੇ ਸਵਾਰ ਸਨ। ਮੁਕਾਬਲੇ ਦੌਰਾਨ ਹੈੱਡ ਕਾਂਸਟੇਬਲ ਗੁਰਪ੍ਰੀਤ ਸਿੰਘ ਜ਼ਖ਼ਮੀ ਹੋ ਗਿਆ ਜਦਕਿ ਇੰਸਪੈਕਟਰ ਅਮੋਲਕ ਸਿੰਘ ਵਾਲ-ਵਾਲ ਬੱਚ ਗਏ। ਇਸ ਦੌਰਾਨ ਦੂਜਾ ਦੋਸ਼ੀ ਭੱਜਣ ਵਿਚ ਕਾਮਯਾਬ ਹੋ ਗਿਆ। ਪੁਲਿਸ ਹਲਕਿਆਂ ਨੇ ਪੁਸ਼ਟੀ ਕੀਤੀ ਏ ਕਿ ਗੋਲੀ ਲੱਗਣ ਤੋਂ ਬਾਅਦ ਜ਼ਖ਼ਮੀ ਹੋਏ ਦੋਸ਼ੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਹ ਜ਼ਖ਼ਮਾਂ ਦੀ ਤਾਬ ਨਾਲ ਝੱਲਦਾ ਹੋਇਆ ਦਮ ਤੋੜ ਗਿਆ। ਪੁਲਿਸ, ਦੂਜੇ ਦੋਸ਼ੀ ਦੀ ਭਾਲ ਕਰ ਰਹੀ ਏ। ਇਹ ਦੋਵੇਂ 14 ਮਾਰਚ ਦੀ ਰਾਤ ਨੂੰ ਇਕ ਧਾਰਮਿਕ ਸਥਾਨ ਉੱਤੇ ਗ੍ਰਨੇਡ ਵਰਗੀ ਚੀਜ਼ ਸੁੱਟਣ ਵਿਚ ਸ਼ਾਮਲ ਸਨ, ਜਿਸ ਨਾਲ ਉਸ ਅਸਥਾਨ ਦੀ ਕੰਧ ਨੂੰ ਨੁਕਸਾਨ ਪੁੱਜਾ ਸੀ। ਇਸ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਸੀ।--PN

---------------------------------------------------------------------------

ਪੰਜਾਬ ਪੁਲਿਸ ਨੇ ਵਾਰਿਸ ਪੰਜਾਬ ਦੇ (WPD) ਮੁਖੀ ਅੰਮ੍ਰਿਤਪਾਲ ਸਿੰਘ ਦੇ 7 ਸਾਥੀਆਂ ਨੂੰ ਡਿਬਰੂਗੜ੍ਹ ਜੇਲ੍ਹ ਤੋਂ ਵਾਪਸ ਲਿਆਉਣ ਲਈ ਪੂਰੀ

ਤਿਆਰੀ ਕਰ ਲਈ ਏ ਤਾਂ ਜੋ ਉਨ੍ਹਾਂ ਵਿਰੁੱਧ ਅਜਨਾਲਾ ਪੁਲਿਸ ਥਾਣੇ 'ਤੇ ਹਮਲੇ ਸਮੇਤ ਦਰਜ ਵੱਖ-ਵੱਖ ਮਾਮਲਿਆਂ ਵਿਚ ਮੁਕੱਦਮਾ ਚਲਾਇਆ ਜਾ ਸਕੇ। ਉਨ੍ਹਾਂ ਨੂੰ ਵਾਪਸ ਲਿਆਉਣ ਦੀ ਪ੍ਰਕਿਰਿਆ ਅੱਜ ਤੋਂ ਸ਼ੁਰੂ ਹੋਵੇਗੀ। ਇਹ ਸਾਰੇ, ਅੰਮ੍ਰਿਤਪਾਲ ਦੇ ਨਾਲ ਫਰਵਰੀ, 2023 ਵਿਚ ਆਪਣੇ ਸਾਥੀ ਨੂੰ ਪੁਲਿਸ ਦੀ ਕੈਦ ਵਿੱਚੋਂ ਛੁਡਾਉਣ ਲਈ ਅੰਮ੍ਰਿਤਸਰ ਦੇ ਅਜਨਾਲਾ ਪੁਲਿਸ ਸਟੇਸ਼ਨ 'ਤੇ ਹਮਲੇ ਨਾਲ ਸਬੰਧਤ ਇਕ ਮਾਮਲੇ ਵਿਚ ਸ਼ਾਮਲ ਸਨ। ਮੌਜੂਦਾ ਸਮੇਂ ਵਿਚ ਉਹ ਪਿਛਲੇ 2 ਸਾਲਾਂ ਤੋਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਰਾਸ਼ਟਰੀ ਸੁਰੱਖਿਆ ਕਾਨੂੰਨ (NSA) ਤਹਿਤ ਨਜ਼ਰਬੰਦ ਨੇ। ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਨੇ ਦੱਸਿਆ ਏ ਕਿ ਪੁਲਿਸ ਸੁਪਰਡੈਂਟ ਰੈਂਕ ਦੇ ਅਧਿਕਾਰੀ ਦੀ ਅਗਵਾਈ ਵਿਚ ਇਕ ਉੱਚ ਪੱਧਰੀ ਪੁਲਿਸ ਪਾਰਟੀ ਜੇਲ੍ਹ ਵਿਚ ਤਾਇਨਾਤ ਏ, ਤਾਂ ਜੋ ਉਨ੍ਹਾਂ ਦੀ NSA ਨਜ਼ਰਬੰਦੀ ਦੀ ਮਿਆਦ ਪੂਰੀ ਹੋਣ 'ਤੇ ਗ੍ਰਿਫ਼ਤਾਰੀ ਨੂੰ ਅੰਜਾਮ ਦਿੱਤਾ ਜਾ ਸਕੇ।

---

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ **ਯੁੱਧ ਨਸ਼ਿਆਂ ਵਿਰੁੱਧ** ਨੂੰ ਲਗਾਤਾਰ 16ਵੇਂ ਦਿਨ ਪੰਜਾਬ ਪੁਲਿਸ ਨੇ 4,24 ਥਾਵਾਂ ’ਤੇ ਛਾਪੇਮਾਰੀ ਕੀਤੀ ਗਈ, ਜਿਸ ਦੌਰਾਨ ਸੂਬੇ ਵਿੱਚੋਂ 63 ਨਸ਼ਾ ਤਸਕਰਾਂ ਨੂੰ

ਗ੍ਰਿਫ਼ਤਾਰ ਕਰ ਕੇ, 45 ਐੱਫਆਈਆਰ ਦਰਜ ਕੀਤੀਆਂ ਨੇ। ਇਸ ਨਾਲ 16 ਦਿਨਾਂ ਵਿਚ ਗ੍ਰਿਫ਼ਤਾਰ ਕੀਤੇ ਗਏ, ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 2,012 ਹੋ ਗਈ ਏ।

-------------------------------------------------------------------------

ਪੱਛਮੀ ਗੜਬੜੀ ਸੁਸਤ ਪੈਣ ਤੋਂ ਬਾਅਦ ਪੰਜਾਬ ਵਿਚ ਇਸ ਦਾ ਅਸਰ ਖਤਮ ਹੋਣਾ ਸ਼ੁਰੂ ਹੋ ਗਿਆ ਏ। ਸੂਬੇ ਵਿਚ ਪਿਛਲੇ 24 ਘੰਟਿਆਂ ਦੌਰਾਨ ਮੀਂਹ ਨਹੀਂ ਪਿਆ ਅਤੇ ਬਹੁਤੀ ਥਾਈਂ ਧੁੱਪ ਨਿਕਲਦੀ ਰਹੀ। ਮੌਸਮ ਵਿਗਿਆਨ ਕੇਂਦਰ ਮੁਤਾਬਕ ਪੰਜਾਬ ਵਿਚ ਹੁਣ ਤਾਪਮਾਨ ਵਿਚ ਵਾਧਾ ਦੇਖਣ ਨੂੰ ਮਿਲੇਗਾ। ਅਗਲੇ 48 ਘੰਟਿਆਂ ਦੌਰਾਨ ਸੂਬੇ ਦੇ ਵੱਧ ਤੋਂ ਵੱਧ ਔਸਤ ਤਾਪਮਾਨ ਵਿਚ 2 ਤੋਂ 3 ਡਿਗਰੀ ਦਾ ਵਾਧਾ ਦੇਖਣ ਨੂੰ ਮਿਲ ਸਕਦਾ ਏ। ਅਗਲੇ ਹਫਤੇ ਦੌਰਾਨ ਨਾ ਤਾਂ ਮੀਂਹ ਅਤੇ ਨਾ ਹੀ ਕਿਸੇ ਪੱਛਮੀ ਗੜਬੜੀ ਦਾ ਸੂਬੇ ‘ਤੇ ਅਸਰ ਪੈਣ ਦੇ ਆਸਾਰ ਨੇ।

------------------------------------------------------------------------

2025 ਕਬੱਡੀ ਵਿਸ਼ਵ ਕੱਪ ਅੱਜ ਸ਼ਾਮ ਇੰਗਲੈਂਡ ਵਿੱਚ ਸ਼ੁਰੂ ਹੋਣ ਜਾ ਰਿਹਾ ਏ । ਭਾਰਤ ਦੀ ਮਰਦਾਂ ਦੀ ਟੀਮ ਆਪਣੀ ਮੁਹਿੰਮ ਇਟਲੀ ਵਿਰੁੱਧ Wolver-hampton ਵਿਚ ਸ਼ੁਰੂ ਕਰੇਗੀ। ਇਹ ਮੈਚ ਸ਼ਾਮ ਸਾਢੇ 5 ਵਜੇ ਸ਼ੁਰੂ ਹੋਵੇਗਾ। ਇਹ ਮੁਕਾਬਲਾ 60 ਤੋਂ ਵੱਧ ਮੈਚਾਂ ਦੇ ਨਾਲ ਸੱਤ ਦਿਨਾਂ ਤੱਕ ਚੱਲੇਗਾ। ਮਰਦਾਂ ਦੇ ਮੁਕਾਬਲੇ ‘ਚ 10 ਟੀਮਾਂ ਨੇ, ਜਿਨ੍ਹਾਂ ਨੂੰ ਏ

ਅਤੇ ਬੀ, ਦੋ ਬਰਾਬਰ ਸਮੂਹਾਂ ਵਿੱਚ ਵੰਡਿਆ ਗਿਆ ਏ। ਭਾਰਤ-ਇਟਲੀ, ਸਕਾਟਲੈਂਡ, ਵੇਲਜ਼ ਅਤੇ ਚੀਨ ਦੇ ਨਾਲ ਗਰੁੱਪ ਬੀ ਵਿੱਚ ਮੁਕਾਬਲਾ ਕਰੇਗਾ। ਦੂਜੇ ਪਾਸੇ, ਔਰਤਾਂ ਦਾ ਮੁਕਾਬਲਾ ਛੇ ਟੀਮਾਂ ਦਰਮਿਆਨ ਹੋਵੇਗਾ ਜਿਨ੍ਹਾਂ ਦੇ ਦੋ ਸਮੂਹ ਨੇ - ਡੀ ਅਤੇ ਈ। ਭਾਰਤ ਵੇਲਜ਼ ਅਤੇ ਪੋਲੈਂਡ ਦੇ ਨਾਲ ਗਰੁੱਪ ਡੀ ਵਿਚ ਮੁਕਾਬਲਾ ਕਰੇਗਾ। ਇਹ ਵਿਸ਼ਵ ਕਬੱਡੀ ਵੱਲੋਂ ਕਰਵਾਇਆ ਜਾ ਰਿਹਾ ਕਬੱਡੀ ਵਿਸ਼ਵ ਕੱਪ ਦਾ ਦੂਜਾ ਐਡੀਸ਼ਨ ਏ। 2019 ਵਿਚ ਮਲੇਸ਼ੀਆ ਵੱਲੋਂ ਕਰਵਾਏ ਗਏ ਪਹਿਲੇ ਐਡੀਸ਼ਨ ਵਿਚ ਭਾਰਤ ਨੇ ਮਰਦਾਂ ਅਤੇ ਔਰਤਾਂ, ਦੋਵਾਂ ਦੇ ਖਿਤਾਬ ਜਿੱਤੇ ਸਨ। ਨਾਲ ਹੀ, ਇਹ ਪਹਿਲੀ ਵਾਰ ਏ, ਜਦੋਂ ਏਸ਼ੀਆ ਤੋਂ ਬਾਹਰ ਕਬੱਡੀ ਵਿਸ਼ਵ ਕੱਪ ਦੀ ਮੇਜ਼ਬਾਨੀ ਕੀਤੀ ਜਾ ਰਹੀ ਏ।